# ਬੀ ਸੀ ਫਾਰਮਾਕੇਅਰ

## ਫੇਅਰ ਫਾਰਮਾਕੇਅਰ ਯੋਜਨਾ

ਫੇਅਰ ਫਾਰਮਾਕੇਅਰ ਯੋਜਨਾ ਬੀ ਸੀ ਵਿੱਚ ਲੋਕਾਂ ਦੀ ਮਦਦ ਕਰਦੀ ਹੈ, ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਬਹੁਤ ਸਾਰੀਆਂ ਦਵਾਈਆਂ (ਪਰਿਸਕਰਿਪਸ਼ਨ ਡਰੱਗਜ਼), ਫਾਰਮੇਸੀ ਸੇਵਾਵਾਂ, ਅਤੇ ਕੁਝ ਮੈਡੀਕਲ ਯੰਤਰਾਂ ਅਤੇ ਸਪਲਾਈਆਂ ਲਈ ਪੈਸੇ ਦਿੰਦੀ ਹੈ। ਹੁਣੇ ਰਜਿਸਟਰ ਹੋਵੋ - ਇਹ ਮੁਫਤ ਹੈ! ਕਵਰੇਜ ਤੁਰੰਤ ਸ਼ੁਰੂ ਹੁੰਦੀ ਹੈ।

### ਫੇਅਰ ਫਾਰਮਾਕੇਅਰ ਬੀ ਸੀ ਵਿੱਚ ਰਹਿਣ ਵਾਲੇ ਹਰੇਕ ਪਰਿਵਾਰ ਲਈ ਹੈ।

ਪਰਿਵਾਰ ਇੱਕ ਇਕੱਲਾ ਵਿਅਕਤੀ, ਬੱਚਿਆਂ ਵਾਲਾ ਇੱਕਲਾ ਵਿਅਕਤੀ, ਇੱਕ ਜੋੜਾ, ਜਾਂ ਬੱਚਿਆਂ ਵਾਲਾ ਜੋੜਾ ਹੋ ਸਕਦਾ ਹੈ। ਜਿੰਨੀ ਤੁਹਾਡੀ ਆਮਦਨ ਘੱਟ ਹੋਵੇਗੀ, ਉਨੀ ਵੱਧ ਤੁਹਾਨੂੰ ਮਦਦ ਮਿਲੇਗੀ। ਫੇਅਰ ਫਾਰਮਾਕੇਅਰ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਬਹੁਤੀਆਂ ਦਵਾਈਆਂ ਨੂੰ ਕਵਰ ਕਰਦਾ ਹੈ।

ਫਾਰਮਾਕੇਅਰ 2 ਸਾਲ ਪਹਿਲਾਂ ਦੀ ਪਰਿਵਾਰਕ ਕੁੱਲ ਆਮਦਨ ਦੇ ਆਧਾਰ 'ਤੇ ਸਾਲਾਨਾ ਡੀਡੱਕਟੀਵਲ ਅਤੇ ਪਰਿਵਾਰਕ ਮੈਕਸੀਮੱਮ ਸੈੱਟ ਕਰਦਾ ਹੈ। ਜਦੋਂ ਤੁਸੀਂ ਫਾਰਮਾਕੇਅਰ ਵਲੋਂ ਕਵਰ ਕੀਤੀ ਹੋਈ ਕੋਈ ਚੀਜ਼ ਖਰੀਦਦੇ ਹੋ, ਤਾਂ ਯੋਗ (ਇਲੀਜੀਵਲ) ਲਾਗਤਾਂ ਡੀਡੱਕਟੀਵਲ ਅਤੇ ਪਰਿਵਾਰਕ ਮੈਕਸੀਮੱਮ ਵਿੱਚ ਗਿਣੀਆਂ ਜਾਂਦੀਆਂ ਹਨ।

ਜਦੋਂ ਤੁਸੀਂ ਆਪਣੀ ਡੀਡੱਕਟੀਵਲ 'ਤੇ ਪਹੁੰਚ ਜਾਂਦੇ ਹੋ ਤਾਂ ਫਾਰਮਾਕੇਅਰ ਬਾਕੀ ਦੇ ਸਾਲ ਲਈ ਯੋਗ ਲਾਗਤਾਂ ਦਾ 70 ਪ੍ਰਤੀਸ਼ਤ ਭੁਗਤਾਨ ਕਰਦਾ ਹੈ। ਜਦੋਂ ਤੁਸੀਂ ਆਪਣੇ ਪਰਿਵਾਰਕ ਮੈਕਸੀਮੱਮ 'ਤੇ ਪਹੁੰਚ ਜਾਂਦੇ ਹੋ ਤਾਂ ਫਾਰਮਾਕੇਅਰ ਬਾਕੀ ਦੇ ਸਾਲ ਲਈ ਯੋਗ ਲਾਗਤਾਂ ਦਾ 100 ਪ੍ਰਤੀਸ਼ਤ ਭੁਗਤਾਨ ਕਰਦਾ ਹੈ। ਫਾਰਮੇਸੀ ਤੁਹਾਡੇ ਤੋਂ ਕਵਰ ਕੀਤੀਆਂ ਚੀਜ਼ਾਂ ਜਾਂ ਸੰਬੰਧਿਤ ਡਿਸਪੈਂਸਿੰਗ (ਦਵਾਈ ਦੇਣ ਦੀਆਂ) ਫੀਸਾਂ ਨਹੀਂ ਲੈ ਸਕਦੀ। ਜੇ ਪਰਿਵਾਰ ਦਾ ਕੋਈ ਮੈਂਬਰ 1940 ਤੋਂ ਪਹਿਲਾਂ ਪੈਦਾ ਹੋਇਆ ਹੈ ਤਾਂ ਡੀਡੱਕਟੀਵਲ 'ਤੇ ਪਹੁੰਚਣ 'ਤੇ ਫਾਰਮਾਕੇਅਰ ਯੋਗ ਲਾਗਤਾਂ ਦਾ 75 ਪ੍ਰਤੀਸ਼ਤ ਭੁਗਤਾਨ ਕਰਦਾ ਹੈ।

ਫੇਅਰ ਫਾਰਮਾਕੇਅਰ ਕਵਰੇਜ ਤੁਹਾਡੇ ਫਾਰਮੇਸੀ ਬਿੱਲ 'ਤੇ ਆਪਣੇ ਆਪ ਲਾਗੂ ਹੋ ਜਾਂਦੀ ਹੈ। ਤੁਹਾਨੂੰ ਰਸੀਦਾਂ ਜਮ੍ਹਾਂ ਕਰਾਉਣ ਦੀ ਲੋੜ ਨਹੀਂ ਹੈ।

### ਰਜਿਸਟਰ ਹੋਵੋ

- ਔਨਲਾਈਨ ਕਿਸੇ ਵੀ ਸਮੇਂ ਰਜਿਸਟਰ ਹੋਵੋ ਜਾਂ ਏਥੋਂ ਪੇਪਰ ਫਾਰਮ ਡਾਊਨਲੋਡ ਕਰੋ www.gov.bc.ca/ahdc
- ਜਾਂ 1-800-663-7100 'ਤੇ ਕਾਲ ਕਰੋ (ਟੋਲ ਫ੍ਰੀ)
  ਹਫ਼ਤੇ ਦੇ ਦਿਨ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ
  ਸ਼ਨਿਚਰਵਾਰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ

### ਆਨਲਾਈਨ, ਫ਼ੋਨ ਜਾਂ ਡਾਕ ਰਾਹੀਂ ਰਜਿਸਟਰ ਕਰੋ

ਤੁਸੀਂ ਸਿਰਫ਼ ਇੱਕ ਵਾਰ ਰਜਿਸਟਰ ਹੋਣਾ ਹੈ। ਹਰ ਸਾਲ ਆਪਣੇ ਟੈਕਸ ਭਰੋ, ਅਤੇ ਲੋੜ ਵੇਲੇ ਤੁਸੀਂ ਕਵਰ ਹੋਵੋਗੇ। ਤੁਹਾਨੂੰ ਲੋੜ ਹੋਵੇਗੀ:

- ਬਾਲਗਾਂ ਲਈ ਸੋਸ਼ਲ ਇੰਸ਼ੋਰੈਂਸ ਨੰਬਰ (SINs) ਦੀ
- ਦੋ ਸਾਲ ਪਹਿਲਾਂ ਦੀ ਟੈਕਸ ਰਿਟਰਨ ਦੀ ਜਾਣਕਾਰੀ

### ਆਮਦਨ ਜਾਂਚ ਲਈ ਸਹਿਮਤੀ

ਤੁਹਾਡੇ ਰਜਿਸਟਰ ਹੋਣ ਤੋਂ ਤੁਰੰਤ ਬਾਅਦ, ਅਸੀਂ ਤੁਹਾਨੂੰ ਦਸਤਖਤ ਕਰਨ ਅਤੇ ਵਾਪਸ ਡਾਕ ਰਾਹੀਂ ਭੇਜਣ ਲਈ ਇੱਕ ਸਹਿਮਤੀ ਫਾਰਮ ਭੇਜਾਂਗੇ। ਇਹ ਸਾਨੂੰ ਹਰ ਸਾਲ ਕੈਨੇਡਾ ਰੈਵੇਨਿਊ ਏਜੰਸੀ (CRA) ਤੋਂ ਤੁਹਾਡੀ ਆਮਦਨੀ ਬਾਰੇ ਜਾਂਚ ਕਰਨ ਦੀ ਇਜਾਜ਼ਤ ਦਿੰਦਾ ਹੈ ਤਾਂ ਕਿ ਤੁਹਾਡੀ ਸਾਲਾਨਾ ਡੀਡੱਕਟੀਵਲ ਅਤੇ ਪਰਿਵਾਰਕ ਮੈਕਸੀਮੱਮ ਸੈੱਟ ਕੀਤੀ ਜਾ ਸਕੇ। ਤੁਹਾਨੂੰ ਇਨ੍ਹਾਂ ਰਕਮਾਂ ਬਾਰੇ ਇਕ ਚਿੱਠੀ ਮਿਲੇਗੀ।

**ਜੇ ਤੁਸੀਂ ਦੋ ਸਾਲ ਪਹਿਲਾਂ ਟੈਕਸ ਨਹੀਂ ਭਰ ਸਕੇ:** ਜੇ ਤੁਸੀਂ ਕੈਨੇਡਾ ਵਿੱਚ ਨਵੇਂ ਹੋ ਜਾਂ ਕਿਸੇ ਹੋਰ ਕਾਰਨ ਕਰਕੇ 2 ਸਾਲ ਪਹਿਲਾਂ ਟੈਕਸ ਦਾਖਲ ਨਹੀਂ ਕਰ ਸਕੇ ਤਾਂ ਤੁਸੀਂ www.gov.bc.ca/fairpharmacare 'ਤੇ ਅਰ ਫਾਰਮਾਕੇਅਰ ਪਰੂਫ ਆਫ ਇਨਕਮ ਐਫੀਡੇਵਿਟ ਵਰਤ ਕੇ ਆਪਣੀ ਆਮਦਨ ਰਿਪੋਰਟ ਕਰ ਸਕਦੇ ਹੋ।

**ਡੀਡੱਕਟੀਵਲ:** ਜਿੰਨੀ ਰਕਮ ਤੁਹਾਡੇ ਪਰਿਵਾਰ ਨੂੰ ਫਾਰਮਾਕੇਅਰ ਤੋਂ ਮਦਦ ਮਿਲਣ ਤੋਂ ਪਹਿਲਾਂ ਯੋਗ ਲਾਗਤਾਂ 'ਤੇ ਹਰ ਸਾਲ ਖਰਚ ਕਰਨੀ ਚਾਹੀਦੀ ਹੈ। ਜਦੋਂ ਤੁਸੀਂ ਆਪਣੀ ਡੀਡੱਕਟੀਵਲ 'ਤੇ ਪਹੁੰਚ ਜਾਂਦੇ ਹੋ ਤਾਂ ਫਾਰਮਾਕੇਅਰ ਯੋਗ ਲਾਗਤਾਂ ਦਾ 70% ਭੁਗਤਾਨ ਕਰਦਾ ਹੈ। ਤੁਸੀਂ ਫੇਰ 30% ਦਿੰਦੇ ਹੋ ਜਦੋਂ ਤੱਕ ਤੁਸੀਂ ਆਪਣੇ ਪਰਿਵਾਰਕ ਮੈਕਸੀਮੱਮ ਤੱਕ ਨਹੀਂ ਪਹੁੰਚ ਜਾਂਦੇ।

**ਪਰਿਵਾਰਕ ਮੈਕਸੀਮੱਮ:** ਇੱਕ ਪਰਿਵਾਰ ਜਿੰਨਾ ਵੱਧ ਤੋਂ ਵੱਧ ਇਕ ਸਾਲ ਦੌਰਾਨ ਯੋਗ ਲਾਗਤਾਂ 'ਤੇ ਖਰਚ ਕਰੇਗਾ। ਜਦੋਂ ਤੁਸੀਂ ਆਪਣੇ ਪਰਿਵਾਰਕ ਮੈਕਸੀਮੱਮ ਤੱਕ ਪਹੁੰਚ ਜਾਂਦੇ ਹੋ ਉਸ ਤੋਂ ਬਾਅਦ ਫਾਰਮਾਕੇਅਰ ਸਾਲ ਦੇ ਅੰਤ ਤੱਕ ਤੁਹਾਡੀਆਂ ਯੋਗ ਲਾਗਤਾਂ ਦਾ 100% ਭੁਗਤਾਨ ਕਰਦਾ ਹੈ।

**ਯੋਗ ਖਰਚੇ (ਇਲੀਜੀਬਲ ਕੌਂਸਟ):** ਜਿੰਨੀ ਰਕਮ ਹਰ ਇੱਕ ਆਈਟਮ ਲਈ ਫਾਰਮਾਕੇਅਰ ਅਦਾ ਕਰੇਗਾ ਅਤੇ ਨਾਲ ਹੀ ਫਾਰਮੇਸੀ ਦੁਆਰਾ ਵਸੂਲੀ ਜਾਂਦੀ ਫੀਸ ਵੀ ਅਦਾ ਕਰੇਗਾ।

## ਜਾਣਨ ਵਾਲੀਆਂ ਚੀਜ਼ਾਂ

- ਕਈ ਇੰਪਲੋਆਇਰਾਂ (ਰੁਜ਼ਗਾਰਦਾਤਾਵਾਂ) ਦੀਆਂ ਸਿਹਤ ਯੋਜਨਾਵਾਂ ਦੀ ਇਹ ਮੰਗ ਹੁੰਦੀ ਹੈ ਕਿ ਤੁਸੀਂ ਫੇਅਰ ਫਾਰਮਾਕੇਅਰ ਲਈ ਰਜਿਸਟਰ ਹੋਵੋ। ਉਹ ਅਕਸਰ ਤੁਹਾਡੇ ਲਈ ਡੀਡੱਕਟੀਵਲ ਅਤੇ, ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ ਦੀ ਲਾਗਤ ਦਾ ਤੁਹਾਡਾ ਹਿੱਸਾ ਵੀ ਅਦਾ ਕਰਦੇ ਹਨ।
- ਫੇਅਰ ਫਾਰਮਾਕੇਅਰ ਕਵਰੇਜ ਫੈਡਰਲ ਇੰਸ਼ੋਰੈਂਸ ਨੂੰ ਪ੍ਰਭਾਵਿਤ ਨਹੀਂ ਕਰਦੀ, ਜਿਵੇਂ ਕਿ ਵੈਟਰਨਜ਼ ਅਫੇਅਰਜ਼ ਨੂੰ
- ਜੇ ਤੁਸੀਂ ਗਾਰਡੀਅਨ/ਪਾਵਰ ਆਫ਼ ਅਟਾਰਨੀ ਹੋ, ਤਾਂ ਤੁਸੀਂ ਫ਼ੋਨ ਜਾਂ ਔਨਲਾਈਨ ਦੁਆਰਾ ਕਿਸੇ ਦੋਸਤ/ਪਰਿਵਾਰਕ ਮੈਂਬਰ ਨੂੰ ਰਜਿਸਟਰ ਕਰ ਸਕਦੇ ਹੋ
- ਜੇ ਤੁਸੀਂ ਅਤੇ ਤੁਹਾਡਾ ਜੀਵਨ ਸਾਥੀ ਵੱਖ ਹੋ ਗਏ ਹੋ ਜਾਂ ਤੁਹਾਡੇ ਵਿੱਚੋਂ ਕੋਈ ਲੌਂਗ ਟਰਮ ਕੇਅਰ (ਲੰਬੇ ਸਮੇਂ ਦੀ ਦੇਖਭਾਲ) ਵਿੱਚ ਰਹਿੰਦਾ ਹੈ:
  - ਜੇ ਤੁਸੀਂ ਇੱਕ MSP ਖਾਤੇ 'ਤੇ ਰਹਿੰਦੇ ਹੋ, ਤਾਂ ਆਪਣੀ ਸਾਂਝੀ ਆਮਦਨ ਦੀ ਵਰਤੋਂ ਕਰਦੇ ਹੋਏ ਪਰਿਵਾਰ ਦੇ ਤੌਰ 'ਤੇ ਫੇਅਰ ਫਾਰਮਾਕੇਅਰ ਲਈ ਰਜਿਸਟਰ ਹੋਵੋ।
  - ਜੇ ਤੁਹਾਡੇ ਕੋਲ ਵੱਖਰੇ MSP ਖਾਤੇ ਹਨ, ਤਾਂ ਵੱਖਰੇ ਫੇਅਰ ਫਾਰਮਾਕੇਅਰ ਖਾਤਿਆਂ ਲਈ ਰਜਿਸਟਰ ਕਰਨ ਲਈ ਸਾਨੂੰ ਕਾਲ ਕਰੋ।
- ਜੇ ਤੁਸੀਂ 19-24 ਸਾਲ ਦੇ ਫੁੱਲ-ਟਾਈਮ ਵਿਦਿਆਰਥੀ ਹੋ, ਤਾਂ ਆਪਣੇ ਪਰਿਵਾਰ ਦੀ ਫੇਅਰ ਫਾਰਮਾਕੇਅਰ ਯੋਜਨਾ 'ਤੇ ਕਾਇਮ ਰਹਿਣ ਲਈ ਸਾਡੇ ਨਾਲ ਸੰਪਰਕ ਕਰੋ।

ਕਿਰਪਾ ਕਰਕੇ ਆਪਣੇ ਫੇਅਰ ਫਾਰਮਾਕੇਅਰ ਖਾਤੇ ਨੂੰ ਅੱਪ ਟੂ ਡੇਟ ਰੱਖੋ। ਸਾਡੇ ਨਾਲ ਸੰਪਰਕ ਕਰੋ ਜੇ ਤੁਸੀਂ ਵਿਆਹ ਕਰਦੇ ਹੋ, ਵੱਖ ਹੋ ਜਾਂਦੇ ਹੋ, ਤਲਾਕ ਲੈਂਦੇ ਹੋ, ਬੱਚਾ ਪੈਦਾ ਕਰਦੇ ਹੋ, ਬੱਚੇ ਨੂੰ ਗੋਦ ਲੈਂਦੇ ਹੋ, ਜਾਂ ਜੇ ਪਰਿਵਾਰ ਦੇ ਕਿਸੇ ਮੈਂਬਰ ਦੀ ਮੌਤ ਹੋ ਜਾਂਦੀ ਹੈ ਜਾਂ ਉਹ ਲੌਂਗ ਟਰਮ ਕੇਅਰ (ਲੰਬੇ ਸਮੇਂ ਦੀ ਦੇਖਭਾਲ) ਦੀ ਸਹੂਲਤ ਵਿੱਚ ਦਾਖਲ ਹੁੰਦਾ ਹੈ।

## ਆਪਣੀ ਯੋਜਨਾ ਦਾ ਵੱਧ ਤੋਂ ਵੱਧ ਲਾਭ ਉਠਾਉਣਾ

### ਫੇਅਰ ਫਾਰਮਾਕੇਅਰ ਕਵਰੇਜ ਦੇ ਨਾਲ ਵੀ ਤੁਹਾਡੇ ਖਰਚੇ ਹੋਣਗੇ ਜੇ:

- ਤੁਸੀਂ ਕੋਈ ਵਸਤ (ਪ੍ਰੋਡਕਟ) ਖਰੀਦ ਰਹੇ ਹੋ ਜਿਸ ਨੂੰ ਫਾਰਮਾਕੇਅਰ ਕਵਰ ਨਹੀਂ ਕਰਦਾ, ਜਾਂ
- ਤੁਸੀਂ ਆਪਣੀ ਪਰਿਵਾਰਕ ਮੈਕਸੀਮੱਮ ਤੱਕ ਨਹੀਂ ਪਹੁੰਚੇ ਹੋ

ਫੇਅਰ ਫਾਰਮਾਕੇਅਰ ਕੈਲਕੁਲੇਟਰ ਦੀ ਵਰਤੋਂ ਕਰੋ ਇਹ ਦੇਖਣ ਲਈ ਕਿ ਤੁਹਾਡੀ ਡੀਡੱਕਟੀਵਲ ਅਤੇ ਪਰਿਵਾਰਕ ਮੈਕਸੀਮੱਮ ਕੀ ਹੋਵੇਗੀ।
my.gov.bc.ca/fpcare/financial-calculator

### ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀ ਦਵਾਈ ਲੈਣ ਤੋਂ ਪਹਿਲਾਂ:

- ਵੱਖ-ਵੱਖ ਫਾਰਮੇਸੀਆਂ 'ਤੇ ਦਵਾਈਆਂ ਦੀ ਲਾਗਤ, ਡਿਸਪੈਂਸਿੰਗ ਫੀਸਾਂ ਅਤੇ ਸੇਵਾਵਾਂ ਦੀ ਤੁਲਨਾ ਕਰੋ
- ਪੈਸੇ ਦੇਣ ਤੋਂ ਪਹਿਲਾਂ ਫਾਰਮਾਸਿਸਟ ਨੂੰ ਖਰਚਿਆਂ ਦੀ ਵਿਆਖਿਆ ਕਰਨ ਲਈ ਕਹੋ
- ਫਾਰਮਾਸਿਸਟ ਜਾਂ ਡਾਕਟਰ ਨੂੰ ਪੁੱਛੋ ਕਿ ਕੀ ਉਹ ਤੁਹਾਨੂੰ ਬਿਹਤਰ ਕਵਰੇਜ ਵਾਲੀ ਦਵਾਈ ਦੇ ਸਕਦੇ ਹਨ

ਫਾਰਮਾਕੇਅਰ ਬੀ ਸੀ ਵਿੱਚ ਵਿਕਣ ਵਾਲੀ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀ ਹਰ ਚੀਜ਼ ਨੂੰ ਕਵਰ ਨਹੀਂ ਕਰਦਾ। ਤੁਸੀਂ ਉਹਨਾਂ ਚੀਜ਼ਾਂ ਦੀ ਪੂਰੀ ਕੀਮਤ ਅਦਾ ਕਰਦੇ ਹੋ ਜੋ ਫਾਰਮਾਕੇਅਰ ਦੁਆਰਾ ਕਵਰ ਨਹੀਂ ਹਨ। ਇਹ ਨੌਨ-ਬੈਨੀਫਿਟ (ਗੈਰ-ਲਾਭਕਾਰੀ) ਖਰਚੇ ਤੁਹਾਡੇ ਡੀਡੱਕਟੀਵਲ ਅਤੇ ਪਰਿਵਾਰਕ ਮੈਕਸੀਮੱਮ 'ਤੇ ਲਾਗੂ ਨਹੀਂ ਹੁੰਦੇ।

## ਆਪਣੀ ਡੀਡੱਕਟੀਵਲ ਰਕਮ ਦਾ ਭੁਗਤਾਨ ਕਰਨ ਵਿੱਚ ਮਦਦ ਪ੍ਰਾਪਤ ਕਰਨਾ

### ਮਹੀਨਾਵਾਰ ਡੀਡੱਕਟੀਵਲ ਭੁਗਤਾਨ

ਤੁਸੀਂ ਆਪਣੀ ਡੀਡੱਕਟੀਵਲ ਇਕੋ ਜਿਹੇ ਮਾਸਿਕ ਭੁਗਤਾਨਾਂ ਰਾਹੀਂ ਅਦਾ ਕਰਨ ਦੇ ਯੋਗ ਹੋ ਸਕਦੇ ਹੋ। ਜੇ ਤੁਸੀਂ ਯੋਗ ਹੋ, ਤਾਂ ਫਾਰਮਾਕੇਅਰ ਤੁਹਾਡੇ ਦਾਖਲਾ ਲੈਣ ਸਮੇਂ ਤੋਂ ਹੀ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਤੁਹਾਡੀਆਂ ਯੋਗ ਦਵਾਈਆਂ ਦੀ ਲਾਗਤ ਦਾ 70%, ਅਦਾ ਕਰੇਗਾ ਜਿਵੇਂ ਕਿ ਤੁਸੀਂ ਪਹਿਲਾਂ ਹੀ ਆਪਣੀ ਡੀਡੱਕਟੀਵਲ ਹੱਦ 'ਤੇ ਪਹੁੰਚ ਚੁੱਕੇ ਹੋਵੋ। ਸਾਨੂੰ ਕਾਲ ਕਰੋ ਇਹ ਪਤਾ ਲਾਉਣ ਲਈ ਕਿ ਕੀ ਤੁਸੀਂ ਯੋਗ ਹੋ।

ਮਾਸਿਕ ਭੁਗਤਾਨ ਯੋਜਨਾ ਫੇਅਰ ਫਾਰਮਾਕੇਅਰ ਲਈ ਰਜਿਸਟਰਡ ਕਿਸੇ ਵੀ ਵਿਅਕਤੀ ਜਾਂ ਪਰਿਵਾਰ ਲਈ ਉਪਲਬਧ ਹੈ, ਜੋ:

- ਜੋ ਕਿਸੇ ਪ੍ਰਾਈਵੇਟ ਹੈਲਥ ਇੰਸ਼ੋਰੈਂਸ ਪਲੈਨ ਦੁਆਰਾ ਡਰੱਗ ਕਵਰੇਜ ਅਧੀਨ ਨਹੀਂ ਹੈ, ਅਤੇ
- ਜਿਸ ਦੀ ਫਾਰਮਾਕੇਅਰ ਡੀਡੱਕਟੀਵਲ ਹੈ ਅਤੇ ਸਾਲ ਦੇ ਅੰਤ ਤੋਂ ਪਹਿਲਾਂ ਹੱਦ ਤੱਕ ਪਹੁੰਚਣ ਦੀ ਉਮੀਦ ਹੈ

### ਜੇ ਤੁਹਾਡੀ ਆਮਦਨ 2 ਸਾਲਾਂ ਦੇ ਅੰਦਰ 10 ਪ੍ਰਤੀਸ਼ਤ ਘੱਟ ਜਾਂਦੀ ਹੈ

ਤੁਹਾਡੀ ਫੇਅਰ ਫਾਰਮਾਕੇਅਰ ਕਵਰੇਜ 2 ਸਾਲ ਪਹਿਲਾਂ ਦੀ ਤੁਹਾਡੀ ਕੁੱਲ ਆਮਦਨ 'ਤੇ ਅਧਾਰਤ ਹੈ। ਜੇ ਤੁਹਾਡੀ ਆਮਦਨ 2 ਸਾਲਾਂ ਦੇ ਅੰਦਰ 10 ਪ੍ਰਤੀਸ਼ੱਤ ਘਟ ਜਾਂਦੀ ਹੈ ਤੁਸੀਂ ਆਪਣੀ ਡੀਡੱਕਟੀਵਲ ਅਤੇ ਪਰਿਵਾਰਕ ਮੈਕਸੀਮੱਮ ਘੱਟ ਕਰਨ ਲਈ ਅਰਜ਼ੀ ਦੇ ਸਕਦੇ ਹੋ। ਜੇ ਤੁਸੀਂ ਆਮਦਨੀ ਦੇ ਰੀਵਿਊ ਦੇ ਯੋਗ ਹੋਵੋ ਤਾਂ ਤੁਹਾਨੂੰ ਮੌਜੂਦਾ ਸਾਲ ਦੀਆਂ ਕੁਝ ਦਵਾਈਆਂ ਦੀ ਲਾਗਤ ਦਾ ਰਿਫੰਡ ਮਿਲਣਾ ਸੰਭਵ ਹੋ ਸਕਦਾ ਹੈ।

**ਆਮਦਨ ਰੀਵਿਊ ਲਈ** ਆਨਲਾਈਨ ਜਾਂ 31 ਦਸੰਬਰ ਤੋਂ ਪਹਿਲਾਂ ਡਾਕ ਰਾਹੀਂ ਅਪਲਾਈ ਕਰਨ ਲਈ my.gov.bc.ca/fpincome/application 'ਤੇ **ਅਰਜ਼ੀ ਦਿਓ।**

## ਹੋਰ ਜਾਣਕਾਰੀ ਲਈ

www.gov.bc.ca/fairpharmacare 'ਤੇ ਜਾਓ ਜਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ ਦੇ 8 ਵਜੇ ਤੱਕ ਅਤੇ ਸ਼ਨਿਚਰਵਾਰ ਨੂੰ ਸਵੇਰੇ 8 ਤੋਂ ਸ਼ਾਮ 4 ਵਜੇ ਤੱਕ ਸਾਨੂੰ ਫ਼ੋਨ ਕਰੋ

- ਲੋਅਰ ਮੈਨਲੈਂਡ ਤੋਂ: 604-683-7151
- ਬੀ ਸੀ ਦੇ ਬਾਕੀ ਥਾਵਾਂ ਤੋਂ ਟੌਲ ਫਰੀ: 1-800-662-7100

ਫੇਅਰ ਫਾਰਮਾਕੇਅਰ ਲਈ ਏਥੇ ਰਜਿਸਟਰ ਹੋਵੋ www.gov.bc.ca/ahdc